
ਅਕਤੂਬਰ-ਦਸੰਬਰ 2019 ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

# ਆਬਰੂ



ਗੁਰੂ ਨਾਨਕ ਦੇਵ ਜੀ ਦੇ 550ਵੇਂ ਆਗਮਨ ਪੁਰਬ ਨੂੰ ਸਮਰਪਿਤ ਵਿਸ਼ੇਸ਼ ਅੰਕ

ਮੁੱਲ : 50 ਰੁਪਏ

RNI : JKPUN/2002/6333 ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

*(A Creative Journey of Human Values)*

# ਆਬਰੂ

ਸਾਲ : 18 ਅੰਕ : 10 - 12
ਅਕਤੂਬਰ - ਦਸੰਬਰ 2019

**ਸੰਪਾਦਕ**
ਬਲਜੀਤ ਸਿੰਘ ਰੈਨਾ
ਮੋਬਾ : 9797657211
**ਸੰਪਾਦਕ ਮੰਡਲ**
ਡਾ. ਮੋਨੋਜੀਤ
ਮੋਬਾ : 9419139906
ਦੇਵਿੰਦਰ ਸਿੰਘ ਵਿਸ਼ਵਨਾਗਰਿਕ
ਮੋਬਾ : 9596652796
ਜੰਗ ਐਸ. ਵਰਮਨ
ਮੋਬਾ : 9419210834
**ਸਹਾਇਕ ਸੰਪਾਦਕ**
ਸੁਰਿੰਦਰ ਨੀਰ*
ਮੋਬਾ : 9622006304
ਰਾਜਵੀਰ ਸਿੰਘ
8492005225

ਈਮੇਲ : baljeetraina58@gmail.com
ਮੁੱਲ : ਇਕ ਕਾਪੀ 50 ਰੁਪਏ
ਡਾਕ ਦੁਆਰਾ 75 ਰੁਪਏ
ਦੇਸ਼ ਸਲਾਨਾ : 200 ਰੁਪਏ
ਡਾਕ ਦੁਆਰਾ : 300 ਰੁਪਏ
ਜੀਵਨਸਾਥ : 5000 ਰੁਪਏ
ਵਿਦੇਸ਼ ਸਲਾਨਾ : 30 ਡਾਲਰ, 15 ਪੌਂਡ
ਜੀਵਨ ਸਾਥ : 500 ਡਾਲਰ, 250 ਪੌਂਡ

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਤਰ੍ਹਾਂ ਦੇ ਵਾਦ-ਵਿਵਾਦ ਦਾ ਹਲ ਜੰਮੂ ਵਿਖੇ ਹੀ ਹੋਵੇਗਾ।

ਇਸ ਅੰਕ ਦੀ ਟਾਈਟਲ ਪੇਂਟਿੰਗ ਸਵਰਨਜੀਤ ਸਵੀ ਦੀ ਹੈ : ਧੰਨਵਾਦ


* ਆਨਰੇਰੀ

## ਤਰਤੀਬ

ਸੰਪਾਦਕੀ : ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਤ ਅੰਕ/*ਦੇਵਿੰਦਰ ਸਿੰਘ ਵਿਸ਼ਵਨਾਗਰਿਕ*/2
ਖੋਜ ਪੱਤਰ : ਜਪੁਜੀ ਸਾਹਿਬ ਦਾ ਦਾਰਸ਼ਨਿਕ ਪਰਿਪੇਖ/*ਪ੍ਰੋ. ਸੁਹਿੰਦਰ ਬੀਰ*/4
ਮੌਜੂਦਾ ਸਮੇਂ ਵਿੱਚ "ਨਾਨਕ ਬਾਣੀ" ਮਨੁੱਖ ਨਾਲ ਸੰਵਾਦ ਰਚਾਉਂਦੀ/*ਡਾ. ਸੁਖਵਿੰਦਰ ਕੌਰ*/8
ਗੁਰੂ ਨਾਨਕ ਬਾਣੀ : ਕਿਰਤ ਦਾ ਸੰਕਲਪ/*ਹਰਸਿਮਰਨ ਸਿੰਘ*/12
ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਦਰਜ ਮਨੁੱਖੀ ਕਦਰਾਂ-ਕੀਮਤਾਂ ਦੀ ਸਿੱਖਿਆ ਵਿੱਚ ਮਹੱਤਤਾ/*ਵੀਰਪਾਲ ਕੌਰ*/15
ਗੁਰੂ ਨਾਨਕ ਦੇਵ ਦੀ ਬਾਣੀ ਵਿਚ ਔਰਤ.../*ਹਰਪ੍ਰੀਤ ਕੌਰ*/16
ਗੁਰੂ ਨਾਨਕ ਬਿੰਬ ਦਾ ਸਾਖੀ.../*ਗੁਰਪ੍ਰੀਤ ਕੌਰ*/19
ਪੰਜਾਬੀ ਸੂਫ਼ੀ ਸਾਹਿਤ ਦੇ ਸਮਾਜ ਸਭਿਆਚਾਰਕ ਸਰੋਕਾਰ (ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਦੇ ਵਿਸ਼ੇਸ਼ ਸੰਦਰਭ 'ਚ)/*ਗੁਰਧਿਆਨ ਸਿੰਘ*/23
ਕਵਿਤਾ : ਕਿਉਂ ਨਾਨਕ ਹੋਣ ਤੋਂ ਕਤਰਾਉਂਦੇ ਹਾਂ/*ਪ੍ਰਭਜੋਤ ਕੌਰ*/25
ਨਾਟਕ : ਆਪਣਾ ਘਰ ਆਪਣੀ ਜ਼ਮੀਨ/*ਦੇਵਿੰਦਰ ਸਿੰਘ ਵਿਸ਼ਵਨਾਗਰਿਕ*/26
ਗਜ਼ਲਾਂ : ਬਲਜੀਤ ਸਿੰਘ ਰੈਨਾ/43
ਕਹਾਣੀਆਂ : ਜਿਉਂਦੇ ਪਲਾਂ ਦਾ ਸੱਚ/*ਇੱਛੂਪਾਲ*/44
ਸੂਦੈਣ/*ਹਰਦੀਪ ਸਿੰਘ ਦੀਪ*/48
ਕੀ ਮੈਂ ਯੁਗ ਨੂੰ ਜਾਣਦੀ ਸੀ/*ਡਾ. ਤਰਵਿੰਦਰ ਕੌਰ*/51
ਜੋਤਿਸ਼ੀ/*ਰਾਜਵੀਰ ਸਿੰਘ*/53
ਡੋਗਰੀ ਕਹਾਣੀ : ਤਾਜ਼ਾ ਰਿਪੋਟ-ਸਨ 2050 ਈਸਵੀ/*ਸ਼ਿਵਦੇਵ ਮਨਹਾਸ*/59
ਖੋਜ ਪੱਤਰ : ਲੋਕ ਗੀਤਾਂ 'ਚ ਨਾਰੀ ਸੰਵੇਦਨਾ/*ਡਾ. ਅਰਵਿੰਦਰ ਕੌਰ*/61
ਨਿਮਨ ਕਿਸਾਨੀ ਦੇ ਕਠੋਰ ਯਥਾਰਥ ਦੀ ਪੇਸ਼ਕਾਰੀ.../*ਡਾ. ਪ੍ਰਿਆ ਗੋਇਲ*/76
ਇਕ ਪੁਸਤਕ ਦੇ ਬਹਾਨੇ : ਬਲਜੀਤ ਸਿੰਘ ਰੈਨਾ ਦੀ ਕਾਵਿ ਪੁਸਤਕ "ਮੇਰੇ ਇਹ ਸ਼ਬਦ ਸ਼ਕਤੀ ਨੇ..."/*ਡਾ. ਵਨੀਤਾ*/80
ਸਿਨੇਮਾ : ਸਮਕਾਲੀ ਸਮਾਜਿਕ ਸੰਕਟਾਂ ਦੀ ਸਿਨੇਮੈਟਿਕ ਪੇਸ਼ਕਾਰੀ : ਅਰਦਾਸ/*ਡਾ. ਪ੍ਰੀਤਮ ਸਿੰਘ*/82
ਲੇਖ : ਸਮਾਜਿਕ ਪਰਿਵਰਤਨ ਵਿੱਚ ਸਾਹਿਤ ਦਾ ਯੋਗਦਾਨ/*ਹਰਮਹਿੰਦਰ ਹਰਜੀ*/86
ਸ਼ਖ਼ਸੀਅਤ : ਪ੍ਰਭਿੰਦਰ ਸਿੰਘ ਲਾਲ/*ਜੰਗ ਐਸ. ਵਰਮਨ*/88
ਲੇਖ : ਰੀਸ ਨਹੀਂ ਕਸ਼ਮੀਰ ਦੀ/*ਐਮ. ਐਸ. ਕਾਮਰਾ*/91
ਸਮੀਖਿਆ : ਦੀਵਾ ਬਲੇ ਸਾਰੀ ਰਾਤ.../*ਇੱਛੂਪਾਲ*/97
ਮੀਆਂ ਸਿੰਘ ਉਦਾਸੀ ਦੀ ਕਵਿਤਾ/*ਇੱਛੂਪਾਲ*/98
ਵਿਛੋੜਾ : ਬੱਲੇ ਕਸ਼ਮੀਰੀ ਨੂੰ ਯਾਦ ਕਰਦਿਆਂ.../*ਬਿਕਰਮਜੀਤ ਵਿੱਕੀ*/100

ਛਾਪਕ, ਪ੍ਰਕਾਸ਼ਕ ਅਤੇ ਮਾਲਕ ਗੁਰਮੁਖ ਸਿੰਘ ਨੇ ਕਲਾਸਿਕ ਪ੍ਰਿੰਟਰਜ਼, ਬੜੀ ਬ੍ਰਾਹਮਣਾ ਤੋਂ ਛਪਵਾ ਕੇ 'ਦਫ਼ਤਰ ਆਬਰੂ' ਮਕਾਨ ਨੰਬਰ-5, ਕੁੰਜਵਾਨੀ, ਸ਼ਹੀਦ ਫਿਲਿੰਗ ਸਟੇਸ਼ਨ ਦੇ ਪਿੱਛੇ, ਜੰਮੂ 180010 ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ: ਬਲਜੀਤ ਸਿੰਘ ਰੈਨਾ
**Printer, Publisher, and Owner Gurmukh Singh Printed it at M/S Classic Printers, Bari Brahmana and Published at Aabru office, H.No.5, Kunjwani, Behind Shaheed Filling Station Jammu-180010. Editor, Baljeet Singh Raina**

ਸਿਨੇਮਾ



# ਸਮਕਾਲੀ ਸਮਾਜਿਕ ਸੰਕਟਾਂ ਦੀ ਸਿਨੇਮੈਟਿਕ ਪੇਸ਼ਕਾਰੀ : ਅਰਦਾਸ

— ਡਾ. ਪ੍ਰੀਤਮ ਸਿੰਘ —

(1)

ਕਲਾ ਦੇ ਵਿਭਿੰਨ ਰੂਪਾਂ ਵਿਚੋਂ ਸਿਨੇਮਾ ਜਾਂ ਫ਼ਿਲਮਸਾਜ਼ੀ ਇਕ ਉਤਕ੍ਰਿਸ਼ਟ ਰੂਪ ਹੈ। ਇਸ ਦੀ ਉੱਤਕ੍ਰਿਸ਼ਟਤਾ ਦਾ ਪਹਿਲਾ ਪ੍ਰਮੁੱਖ ਕਾਰਨ ਇਸ ਦਾ ਦਰਸ਼ਨੀ ਕਲਾ ਹੋਣਾ ਹੈ ਅਤੇ ਦੂਸਰਾ ਪ੍ਰਮੁੱਖ ਕਾਰਨ ਜੋ ਸਿਨੇਮਾ ਜਾਂ ਫ਼ਿਲਮ ਨੂੰ ਬਾਕੀ ਕਲਾਵਾਂ ਦੇ ਮੁਕਾਬਲੇ ਵਿਸ਼ੇਸ਼ਤਾ ਪ੍ਰਦਾਨ ਕਰਦਾ ਹੈ ਉਹ ਹੈ ਇਸ ਵਿਚ ਬਾਕੀ ਕਲਾਵਾਂ ਦਾ ਜਾਂ ਕਲਾ ਰੂਪਾਂ ਦਾ ਜਜ਼ਬ ਹੋ ਜਾਣਾ। ਇਸ ਵਿਚ ਕਹਾਣੀ, ਬੋਲ, ਦ੍ਰਿਸ਼, ਗੀਤਸੰਗੀਤ ਅਤੇ ਅਭਿਨੈ ਆਦਿ ਬਹੁਤ ਕੁਝ ਸ਼ਾਮਿਲ ਹੁੰਦਾ ਹੈ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਮਨੁੱਖ ਸਿਰਜਿਤ ਸਾਰੀਆਂ ਕਲਾਵਾਂ ਜੇ ਕਿਸੇ ਇਕ ਜਗ੍ਹਾ ਇਕੱਠੀਆਂ ਦੇਖੀਆਂ ਜਾ ਸਕਦੀਆਂ ਹਨ ਤਾਂ ਉਹ ਜਗ੍ਹਾ ਹੈ ਸਿਨੇਮਾ ਜਾਂ ਫ਼ਿਲਮਾਂ। ਫ਼ਿਲਮਾਂ ਆਮ ਜਨਤਾ ਦੇ ਵਡੇਰੇ ਭਾਗ ਤੱਕ ਸੰਪਰਕ ਸਾਧਨ ਜਾਂ ਆਪਣੇ ਉਦੇਸ਼ ਨੂੰ ਨਿਰੁਪੱਤ ਕਰਨ ਵਿਚ ਸਫ਼ਲ ਹੋਣ ਦੀ ਕੁਬੱਤ ਰੱਖਦੀਆਂ ਹਨ। ਸਮਾਜ ਦਾ ਕੋਈ ਵੀ ਵਰਗ ਹੋਵੇ, ਪੜ੍ਹਿਆ-ਲਿਖਿਆ, ਅਨਪੜ੍ਹ, ਨੌਕਰੀਪੇਸ਼ਾ ਜਾਂ ਫਿਰ ਮਜ਼ਦੂਰ, ਔਰਤ ਜਾਂ ਮਰਦ, ਬੱਚਾ ਜਾਂ ਬਜ਼ੁਰਗ, ਉਹ ਫ਼ਿਲਮਾਂ ਰਾਹੀਂ ਸਮਾਜ ਵਿਚਲੇ ਚਲੰਤ ਮੁੱਦਿਆਂ ਅਤੇ ਅੰਤਰ ਵਿਰੋਧਾਂ ਨੂੰ ਆਰਾਮ ਨਾਲ ਸਮਝ ਸਕਦਾ ਹੈ। ਇਸ ਤਰ੍ਹਾਂ ਫ਼ਿਲਮਾਂ ਮਨੋਰੰਜਨ ਦੇ ਨਾਲ-ਨਾਲ ਚੇਤਨਾ ਤੇ ਵਿਭਿੰਨ ਰੂਪਾਂ ਜਿਵੇਂ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਆਦਿ ਨੂੰ ਪ੍ਰਵਾਹਿਤ ਅਤੇ ਪ੍ਰਭਾਵਿਤ ਕਰਨ ਦਾ ਸਮਕਾਲ ਵਿਚ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਹੋ ਨਿਬੜਦੀਆਂ ਹਨ। ਅਜੋਕੇ ਦੌਰ ਵਿਚ ਵਿਸ਼ਵ ਸਿਨੇਮਾ ਦੇ ਅੰਤਰਗਤ, ਭਾਰਤੀ ਸਿਨੇਮਾ ਅਤੇ ਭਾਰਤੀ ਸਿਨੇਮਾ ਦੇ ਅੰਤਰਗਤ ਪੰਜਾਬੀ ਸਿਨੇਮਾ ਇਸ ਭੂਮਿਕਾ ਨੂੰ ਬਹੁਤ ਹੀ ਸੁਹਿਰਦ ਅਤੇ ਸਾਰਥਿਕ ਢੰਗ ਨਾਲ ਨਿਭਾ ਰਿਹਾ ਹੈ।

(2)

ਪੰਜਾਬੀ ਸਿਨੇਮਾ ਦਾ ਇਕ ਬਹੁਤ ਹੀ ਵਸੀਹ ਇਤਿਹਾਸ ਰਿਹਾ ਹੈ। ਭਾਰਤ ਵਿਚ ਪਹਿਲੀ ਬੋਲਦੀ ਫ਼ਿਲਮ 'ਆਲਮਆਰਾ' 1931 ਈ. ਵਿਚ ਬਣੀ। ਇਹ ਉਹ ਸਮਾਂ ਸੀ ਜਦੋਂ ਮੁੱਢਲੀ ਫ਼ਿਲਮ ਇੰਡਸਟਰੀ ਦਾ ਨਿਰਮਾਣ ਬੰਬਈ (ਅਜੋਕਾ ਮੁਬੰਈ) ਅਤੇ ਕਲਕੱਤਾ ਸਰੀਖੇ ਮਹਾਂਨਗਰਾਂ ਵਿਚ ਹੋਣਾ ਸ਼ੁਰੂ ਹੋ ਚੁੱਕਾ ਸੀ। ਬੰਬਈ ਤਾਂ ਅੱਜ ਵੀ ਭਾਰਤ ਦੀ ਸਮੁੱਚੀ ਫ਼ਿਲਮ ਇੰਡਸਟਰੀ ਦਾ ਕੇਂਦਰ ਹੈ। ਇਥੇ ਛੋਟੇ ਤੋਂ ਲੈ ਕੇ ਵੱਡੇ ਹਰ ਪ੍ਰਕਾਰ ਦੇ ਫ਼ਿਲਮ ਸਟੂਡਿਓਸ 'ਚ 'ਸੀ' ਕਲਾਸ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਦੀਆਂ ਫ਼ਿਲਮਾਂ ਦਾ ਨਿਰਮਾਣ ਹੁੰਦਾ ਆ ਰਿਹਾ ਹੈ। ਮੁੱਢਲੇ ਪੰਜਾਬੀ ਸਿਨੇਮਾ ਦੇ ਵਿਕਾਸ ਵਿਚ ਬੰਬਈ ਅਤੇ ਕਲਕੱਤਾ ਦੇ ਫ਼ਿਲਮਾਂ ਪ੍ਰੋਡਕਸ਼ਨ ਕੇਂਦਰਾਂ ਦਾ ਇਕ ਅਹਿਮ ਤੇ ਨਿਰਣਾਇਕ ਯੋਗਦਾਨ ਰਿਹਾ ਹੈ।

ਹਿੰਦੀ ਫ਼ਿਲਮ 'ਆਲਮਆਰਾ' ਦੇ ਨਿਰਮਾਣ ਦੇ ਲੱਗਭਗ ਪੰਜ ਸਾਲ ਬਾਅਦ ਨਿਰਮਾਤਾ ਡੀ.ਕੇ. ਮਹਿਤਾ ਨੇ ਪਹਿਲੀ ਪੰਜਾਬੀ ਫ਼ਿਲਮ ਬਣਾਈ, ਜਿਸ ਦਾ ਨਾਮ ਉਸ ਨੇ 'ਸ਼ੀਲਾ' ਰੱਖਿਆ ਬਾਅਦ ਵਿਚ ਇਹੋ ਫ਼ਿਲਮ 'ਪਿੰਡ ਦੀ ਕੁੜੀ' ਦੇ ਨਾਮ ਨਾਲ ਚਰਚਿਤ ਹੋਈ। ਇਹ ਫ਼ਿਲਮ ਕਲਕੱਤੇ ਵਿਚ ਬਣੀ ਅਤੇ ਲਾਹੌਰ ਵਿਚ ਪ੍ਰਦਰਸ਼ਿਤ ਹੋਈ। ਇਸ ਵਿਚ 'ਨੂਰਜਹਾਂ' ਨੇ ਨਾਇਕਾ ਅਤੇ ਗਾਇਕਾ ਦੀ ਅਹਿਮ ਭੂਮਿਕਾ ਨਿਭਾਈ। 'ਪਿੰਡ ਦੀ ਕੁੜੀ' ਦੀ ਸਫ਼ਲਤਾ ਤੋਂ ਉਤਸਾਹਿਤ ਹੋ ਦੂਸਰੀ ਫ਼ਿਲਮ ਦਾ ਨਿਰਮਾਣ ਸੰਨ 1938 ਵਿਚ ਹੋਇਆ। ਇਹ ਫ਼ਿਲਮ ਸੀ 'ਹੀਰ ਸਿਆਲ'। ਇਸ ਫ਼ਿਲਮ ਵਿਚ ਵੀ ਮੁੱਖ ਭੂਮਿਕਾ ਵਿਚ ਨੂਰ ਜਹਾਂ ਹੀ ਸੀ। ਕੁੱਲ ਮਿਲਾ ਕੇ 'ਪਿੰਡ ਦੀ ਕੁੜੀ' ਨਾਲ ਪੰਜਾਬੀ ਸਿਨੇਮਾ ਦਾ ਸ਼ੁਰੂ ਹੋਇਆ ਸਫ਼ਰ ਅਜੇ ਤੱਕ ਨਿਰੰਤਰ ਚੱਲ ਰਿਹਾ ਹੈ ਅਤੇ ਇਸ ਦੌਰਾਣ ਬੇਸ਼ੁਮਾਰ ਪੰਜਾਬੀ ਫ਼ਿਲਮਾਂ ਦਾ ਨਿਰਮਾਣ ਹੋਇਆ ਜਿਨ੍ਹਾਂ ਵਿਚੋਂ ਕਈ ਅਜਿਹੀਆਂ ਸਨ ਜਿਨ੍ਹਾਂ ਨੇ ਪੰਜਾਬੀ ਲੋਕ ਮਨ ਉਤੇ ਆਪਣੀ ਗਹਿਰੀ ਛਾਪ ਛੱਡੀ। 20ਵੀਂ ਸਦੀ ਦੇ ਨੌਂਵੇਂ ਦਹਾਕੇ ਤੱਕ ਪੰਜਾਬੀ ਸਿਨੇਮਾ ਵਿਚਾਰਧਾਰਾ ਅਤੇ ਪੇਸ਼ਕਾਰੀ ਦੇ ਪੱਖ ਤੋਂ ਕੇਵਲ ਦੋ ਹੀ ਬਿੰਦੂਆਂ ਦੇ ਆਲੇਦੁਆਲੇ ਘੁੰਮਦਾ ਰਿਹਾ। ਪਹਿਲਾ ਰੋਮਾਂਸ ਅਤੇ ਦੂਜਾ ਜੱਟਵਾਦ। ਰੋਮਾਂਸ ਹਿੰਦੀਪੰਜਾਬੀ ਸਿਨੇਮਾ ਦੀ ਪ੍ਰਮੁੱਖ ਸੁਰ ਰਹੀ ਹੈ ਅਤੇ ਇਹ ਫ਼ਿਲਮੀ ਯੁਗਤ ਪੰਜਾਬੀਆਂ ਅੰਦਰ ਪਏ ਮੱਧਕਾਲੀ ਰੋਮਾਂਟਿਕ ਆਦਰਸ਼ ਕਾਰਨ ਸਫ਼ਲ ਵੀ ਰਹੀ ਪਰ ਪੰਜਾਬੀ ਸਿਨੇਮਾ ਵਿਚ ਜਿਹੜਾ ਬਿੰਬ ਜੱਟ ਦਾ ਪੇਸ਼ ਕੀਤਾ ਗਿਆ ਹੈ ਉਹ ਅਸਲ 'ਚ ਬਿੰਬ ਨਹੀਂ ਪ੍ਰਤੀਬਿੰਬ ਹੈ। ਇਨ੍ਹਾਂ ਫ਼ਿਲਮਾਂ ਸੰਬੰਧੀ ਵੱਡੀ ਵਿਡੰਬਨਾ ਇਹ ਹੈ ਕਿ ਇਹ ਫ਼ਿਲਮਾਂ 'ਅਖੌਤੀ ਹਰੇ ਇਨਕਲਾਬ' ਤੋਂ ਬਾਅਦ ਦੇ ਸਮੇਂ ਨੂੰ ਆਪਣੇ ਕਲੇਵਰ ਵਿਚ ਲੈਂਦੀਆਂ ਹਨ ਪਰ ਪੰਜਾਬੀ ਕਿਰਸਾਨੀ ਅਤੇ ਸਮਾਜ ਦੇ ਸਮਾਜਿਕਆਰਥਿਕ ਸੰਕਟਾਂ ਨੂੰ ਵਾਸਤਵਿਕਤਾ ਦੀ ਪੱਧਰ 'ਤੇ ਪੇਸ਼ ਕਰਨੋਂ ਗੁਰੇਜ਼ ਕਰਦੀਆਂ ਹਨ। ਇਨ੍ਹਾਂ ਫ਼ਿਲਮਾਂ ਵਿਚ ਜੱਟ ਲਲਕਾਰੇ ਮਾਰਦਾ, ਨੱਚਦਾ, ਟੱਪਦਾ, ਇਸ਼ਕ ਦੀਆਂ ਪੀਘਾਂ ਝੂਟਦਾ, ਜੱਟੀ ਅਤੇ ਜ਼ਮੀਨ ਪਿੱਛੇ ਕਤਲ ਕਰਦਾ, ਕਤਲ ਹੁੰਦਾ ਜਾਂ ਬਦਲਾ ਲੈਂਦਾ ਦਿਖਾਇਆ ਗਿਆ ਹੈ। ਇਨਾਂ ਫ਼ਿਲਮਾਂ ਦਾ ਨਾਇਕ 'ਜੱਟ' ਆਪਣੀ ਹਰ ਪ੍ਰਕਾਰ ਦੀ ਸਮੱਸਿਆ ਦਾ ਹਲ ਚੇਤਨਾ ਦੀ ਥਾਂ ਬਾਹਾਂ ਦੇ ਜ਼ੋਰ ਨਾਲ ਕੱਢਦਾ ਹੈ ਜਿਸ ਕਰਕੇ ਉਸ ਦਾ ਚਰਿੱਤਰ ਯਥਾਰਥ ਦੀ ਥਾਂ ਫੈਂਟਸੀ ਦੇ ਵੱਧ ਨੇੜੇ ਹੋ ਨਿੱਬੜਦਾ ਹੈ। ਇਸ ਤਰ੍ਹਾਂ ਦੀਆਂ ਫ਼ਿਲਮਾਂ ਦਾ ਪ੍ਰਭਾਵ ਕੋਈ ਬਹੁਤਾ ਗਹਿਰਾ ਨਹੀਂ ਰਿਹਾ, ਜਿਸ ਕਰਕੇ ਅਜਿਹੀਆਂ ਫ਼ਿਲਮਾਂ ਤੋਂ ਪੰਜਾਬੀਆਂ ਦਾ ਮੋਹ ਭੰਗ ਵੀ ਜਲਦੀ ਹੀ ਹੋ ਗਿਆ। ਡਾ. ਬਲਜਿੰਦਰ ਨਸਰਾਲੀ ਦੀ ਇਸ ਸੰਬੰਧ ਵਿਚ ਕੀਤੀ ਟਿੱਪਣੀ ਯਥਾਰਥਕ ਤੇ ਸਾਰਥਕ ਤਾਂ ਹੈ ਹੀ ਪਰ ਨਾਲ ਹੀ 20ਵੀਂ ਸਦੀ ਦੇ ਪੰਜਾਬੀ ਸਿਨੇਮਾ ਦੇ ਇਕਪਾਸੜ ਪੈਰਾਡਾਇਮ ਨੂੰ ਸਮਝਣ ਲਈ ਬਹੁਤ ਸਹਾਇਕ ਵੀ ਹੈ। ਉਹਨਾਂ ਅਨੁਸਾਰ,

"ਜੱਟ, ਜੱਟੀ ਤੇ ਜ਼ਮੀਨ ਨੂੰ ਕੇਂਦਰੀ ਮੋਟਿਫ਼ ਵਜੋਂ ਲੈ ਕੇ

ਬਣੀਆਂ ਫ਼ਿਲਮਾਂ ਨੇ ਪੰਜਾਬੀ ਸਿਨੇਮਾ ਦੀ ਬੇੜੀ ਵਿਚ ਵੱਟੇ ਪਾਉਣ ਤੋਂ ਸਿਵਾ ਹੋਰ ਕੁਝ ਨਹੀਂ ਕੀਤਾ। ਇਨ੍ਹਾਂ ਫ਼ਿਲਮਾਂ ਨੇ ਪੰਜਾਬ ਦੇ ਭੱਖਦੇ ਮੁੱਦਿਆਂ ਵਲੋਂ ਮੂੰਹ ਮੋੜ ਕੇ ਆਪਣੀ ਹੀ ਕਿਸਮ ਦਾ ਜਾਗੀਰੂ ਕਦਰਾਂਕੀਮਤਾਂ ਵਾਲਾ ਪਿੰਡ ਸਿਰਜਿਆ ਜਿਸ ਦਾ ਪੰਜਾਬ ਦੇ ਵਰਤਮਾਨ ਪਿੰਡ ਦੇ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ਸੀ।"

(ਪੰਜਾਬੀ ਸਿਨੇਮਾ ਤੇ ਸਾਹਿਤ: ਸਮਕਾਲੀ ਸੰਦਰਭ, ਪੰਨਾ-103)

ਪਰ 20ਵੀਂ ਸਦੀ ਦੇ ਅਖੀਰਲੇ ਅਤੇ 21ਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਹੀ ਪੰਜਾਬੀ ਸਿਨੇਮਾ ਦੀ ਦਸ਼ਾ ਅਤੇ ਦਿਸ਼ਾ ਵਿਚ ਸਿਫ਼ਤੀ ਪਰਿਵਰਤਨ ਆਇਆ ਅਤੇ ਪੰਜਾਬੀ ਫ਼ਿਲਮਾਂ ਨੇ ਵਰਤਮਾਨ ਪੰਜਾਬੀ ਸਮਾਜ ਦੀਆਂ ਵਿਭਿੰਨ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਕੇਂਦਰੀ ਮੁੱਦਿਆਂ ਵਜੋਂ ਅਪਨਾਉਣਾ ਸ਼ੁਰੂ ਕੀਤਾ ਹੈ। ਨਵੀਆਂ ਜੀਵਨ ਕੀਮਤਾਂ ਅਨੁਸਾਰ ਪੁਨਰਪਰਿਭਾਸ਼ਤ ਹੁੰਦੇ ਅਜੋਕੇ ਪੰਜਾਬੀ ਸਮਾਜ ਦੇ ਵਿਭਿੰਨ ਅੰਤਰਵਿਰੋਧ, ਸੀਮਾਵਾਂ ਅਤੇ ਸੰਭਾਵਨਾਵਾਂ ਦੇ ਨਕਸ਼ ਫ਼ਿਲਮੀ ਕਲਾਤਮਕਾ ਵਿਚੋਂ ਸਾਫ਼ ਉੱਘੜ ਕੇ ਸਾਹਮਣੇ ਆਏ ਹਨ। ਇਸ ਪ੍ਰਸੰਗ ਵਿਚ 2016 ਵਿਚ ਰੀਲਿਜ਼ ਹੋਈ ਫ਼ਿਲਮ 'ਅਰਦਾਸ' ਵਿਸ਼ੇਸ਼ ਮਹੱਤਵ ਦੀ ਧਾਰਨੀ ਹੈ।

(3)

ਫ਼ਿਲਮ 'ਅਰਦਾਸ' 11 ਮਾਰਚ 2016 ਨੂੰ ਪ੍ਰਦਰਸ਼ਿਤ ਕੀਤੀ ਗਈ। ਇਸ ਫ਼ਿਲਮ ਨੂੰ ਲਿਖਣ ਦਾ ਕਾਰਜ ਪੰਜਾਬੀ ਕਾਮੇਡੀ ਪਾਤਰ ਰਾਣਾ ਰਣਵੀਰ ਨੇ ਕੀਤਾ ਹੈ। ਰਾਣਾਰਣਵੀਰ ਇਕ ਐਕਟਰ, ਕਾਮੇਡੀਅਨ ਹੋਣ ਦੇ ਨਾਲਨਾਲ ਕਵੀ ਵੀ ਹੈ ਤੇ ਗਲਪਕਾਰ ਵੀ। ਇਸ ਫ਼ਿਲਮ ਦੀ ਪੱਟਕਥਾ ਵਿਚ ਉਸ ਵਿਚਲੇ ਸੰਜੀਦਾ ਸਾਹਿਤਕਾਰ ਦੇ ਦਰਸ਼ਨ ਸਹਿਜੇ ਹੀ ਹੋ ਜਾਂਦੇ ਹਨ। ਫ਼ਿਲਮ ਦਾ ਨਿਰਮਾਣ ਪ੍ਰਸਿੱਧਪੰਜਾਬੀ ਗਾਇਕ ਅਤੇ ਅਦਾਕਾਰ ਗਿੱਪੀ ਗਰੇਵਾਲ ਨੇ ਕੀਤਾ ਹੈਅਤੇ ਫ਼ਿਲਮ ਵਿਚ ਮੁੱਖ ਭੂਮਿਕਾ ਨਿਭਾਉਣ ਵਾਲਿਆਂ ਵਿਚ ਗੁਰਪ੍ਰੀਤ ਘੁੱਗੀ, ਰਾਣਾ ਰਣਵੀਰ, ਐਮੀ ਵਿਰਕ, ਸਰਦਾਰ ਸੋਹੀ ਅਤੇ ਬੀ.ਐਨ. ਸ਼ਰਮਾ ਪ੍ਰਮੁੱਖ ਹਨ । ਜੇਕਰ ਇਨ੍ਹਾਂ ਸਾਰੇ ਪਾਤਰਾਂ ਉੱਤੇ ਗੌਰ ਕੀਤਾ ਜਾਵੇ ਤਾਂ ਇਕ ਬੜੀ ਹੀ ਦਿਲਚਸਪ ਗੱਲ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਇਹ ਸਾਰੇ ਪਾਤਰ/ਐਕਟਰ ਬਤੌਰ ਕਾਮੇਡੀਅਨ ਹੀ ਜਾਣੇ ਜਾਂਦੇ ਰਹੇ ਹਨ। ਪਰ ਇਸ ਫ਼ਿਲਮ ਵਿਚ ਇਨ੍ਹਾਂ ਸਾਰਿਆਂ ਨੇ ਗੰਭੀਰ ਭੂਮਿਕਾ ਨਿਭਾ ਕੇ ਦਰਸ਼ਕਾਂ ਨੂੰ ਇਸ ਫ਼ਿਲਮ ਵਿਚਲੇ ਤਣਾਓ ਵੱਲ ਆਕ੍ਰਸ਼ਿਤ ਕੀਤਾ ਹੈ।

'ਅਰਦਾਸ' ਦੀ ਵਿਲੱਖਣਤਾ ਅਜੋਕੇ ਪੂੰਜੀਵਾਦੀ ਦੌਰ ਦੇ ਵਿਭਿੰਨ ਸਮਾਜਿਕਸਭਿਆਚਾਰ ਸੰਕਟਾਂ ਦੀਕਲਾਤਮਿਕ ਪੇਸ਼ਕਾਰੀ ਵਿਚ ਨਿਹਿਤ ਹੈ। ਅਜੋਕਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਤੇਜ਼ੀ ਨਾਲ ਪ੍ਰਵਰਤਿੱਤ ਹੁੰਦੇ ਸਮਾਜਿਕ ਪਰਿਵੇਸ਼ ਵਿਚ ਆਪਣੀ ਹੋਂਦ ਨੂੰ ਲੈ ਕੇਸੰਕਟਗ੍ਰਸਤ ਵੀ ਹੈ ਤੇ ਚਿੰਤਤ ਵੀ। ਅਜਿਹੀ ਸਥਿਤੀ ਵਿਚ ਜਿਸ ਤਰ੍ਹਾਂ ਦੀ ਸ਼ਖ਼ਸੀਅਤ ਦਾ ਨਿਰਮਾਣ ਹੋ ਰਿਹਾ ਹੈ ਉਹ ਆਪਾ ਵਿਰੋਧੀ ਅਤੇ ਅਸੰਤੁਲਿਤ ਹੈ। ਅਜਿਹੀ ਸ਼ਖ਼ਸੀਅਤ ਸਮਾਜਿਕ ਪੱਧਰ ਉੱਤੇ ਅਸੰਤੁਲਨ ਪੈਦਾ ਕਰਦੀ ਹੈ। ਇਹ ਅਸੰਤੁਲਿਤ ਸਮਾਜ ਅਤੇ ਇਸ ਦਾ ਆਦਰਸ਼ਕ ਹਲ ਹੀ ਇਸ ਫ਼ਿਲਮ ਦੀ ਪ੍ਰਮੁੱਖ ਧੁਰੀ ਹੈ। ਫ਼ਿਲਮ ਦਾ ਨਾਇਕ ਗੁਰਮੁੱਖ ਸਿੰਘ (ਘੁੱਗੀ) ਇਕ ਆਦਰਸ਼ਵਾਦੀ ਸਕੂਲ ਅਧਿਆਪਕ ਦੀ ਭੂਮਿਕਾ ਵਿਚ ਹੈ ਤੇ ਫ਼ਿਲਮ ਵਿਚਲੀਆਂ ਘਟਨਾਵਾਂ ਦਾ ਸਥਾਨ ਵਰਤਮਾਨ ਪੰਜਾਬੀ ਪਿੰਡ ਦੀ ਤਰਜਮਾਨੀ ਕਰਦਾ ਚੰਡੀਗੜ੍ਹ ਨੇੜੇ ਦਾ ਪਿੰਡ 'ਜੈਂਤੀਮਾਜਰੀ' ਹੈ। ਫ਼ਿਲਮ 'ਅਰਦਾਸ' ਦਾ ਓਪਨਿੰਗ ਸ਼ਾਟ ਨਾਇਕ ਗੁਰਮੁੱਖ ਸਿੰਘ (ਗੁਰਪ੍ਰੀਤ ਘੁੱਗੀ) ਦੇ ਉਸ ਸੁਪਨੇ ਨਾਲ ਸੰਬੰਧਤ ਹੈ ਜਿਸ ਵਿਚ ਉਹ ਗੁਰੂ ਘਰ ਸੇਵਾ ਕਰਦਾ-ਕਰਦਾ ਆਪਣੀ ਮਰਹੂਮ ਪਤਨੀ ਬਾਣੀ (ਮੇਹਰ ਵਿੱਜ) ਅਤੇ ਛੋਟੀ ਜਿਹੀ ਬਾਲੜੀ ਦੀਆਂ ਆਤਮਾਵਾਂ ਪਿੱਛੇ ਰੋਂਦਾ ਕੁਰਲਾਂਦਾ ਦੌੜਦਾ ਹੈ। ਇਹ ਸੁਪਨਾ ਅਸਲ ਵਿਚ ਉਸ ਵਲੋਂ ਕੀਤੇ ਇਕ ਅਜਿਹੇ ਅਣਇੱਛਤ ਕਰਮ ਦਾ ਅਪਰਾਧ ਬੋਧ ਹੈ ਜੋ ਉਸ ਦੀ ਜ਼ਿੰਦਗੀ ਦਾ ਇਕ ਅਟੁੱਟ ਅੰਗ ਬਣ ਚੁੱਕਾ ਹੁੰਦਾ ਹੈ। ਇਹ ਅਪਰਾਧ ਬੋਧ ਹੀ ਗੁਰਮੁੱਖ ਨੂੰ ਅਸਲ ਵਿਚ ਇਕ ਆਦਰਸ਼ ਦੇ ਤੌਰ 'ਤੇ ਘੜਦਾ ਹੈ। ਵਿਆਹ ਤੋਂ ਬਾਅਦ 'ਬਾਣੀ' ਦੇ ਗਰਭਵਤੀ ਹੋਣ 'ਤੇ ਗੁਰਮੁੱਖ ਅਤੇ ਬਾਣੀ ਆਉਣ ਵਾਲੇ ਬੱਚੇ ਦੇ ਭਵਿੱਖ ਬਾਰੇ ਸੁਪਨੇ ਸੰਜੋਣ ਲੱਗ ਪੈਂਦੇ ਹਨ। ਦੋਵੇਂ ਪੜ੍ਹੇ ਲਿਖੇ ਹਨ ਇਸ ਕਰਕੇ ਧੀ ਅਤੇ ਪੁੱਤਰ ਵਿਚ ਕੋਈ ਫ਼ਰਕ ਨਹੀਂ ਸਮਝਦੇ ਪਰ ਗੁਰਮੁੱਖ ਦੀ ਮਾਂ ਜਗੀਰੂ ਕੀਮਤਾਂ ਦੀ ਪ੍ਰਣਾਈ ਹੋਈ ਪੋਤਰੀ ਦੀ ਥਾਂ ਪੋਤਰੇ ਦਾ ਮੂੰਹ ਦੇਖਣ ਲਈ ਉਤਸਾਹਿਤ ਹੈ। ਉਹ ਜ਼ਬਰਦਸਤੀ ਲਿੰਗ ਜਾਂਚ ਕਰਵਾਉਣ ਲਈ ਗੁਰਮੁੱਖ ਨੂੰ ਮਜਬੂਰ ਕਰਦੀ ਹੈ। ਗਰਭ ਅਵਸਥਾ ਦੇ ਪੰਜਵੇਂ ਮਹੀਨੇ 'ਚ ਕਰਵਾਈ ਲਿੰਗ ਜਾਂਚ ਵਿਚ ਭਰੂਣ ਦਾ ਲਿੰਗ, ਮਾਦਾ ਦੱਸਿਆ ਜਾਂਦਾ ਹੈ। ਜਗੀਰੂ ਸੰਸਕਾਰਾਂ 'ਚ ਫਸੀ ਗੁਰਮੁੱਖ ਦੀ ਮਾਂ ਨੂੰ ਇਹ ਬਿਲਕੁਲ ਵੀ ਮਨਜ਼ੂਰ ਨਹੀਂ ਕਿ ਉਸ ਦੇ ਪੁੱਤਰ ਦੇ ਘਰ ਧੀ ਜਨਮ ਲਏ ਜਦ ਕਿ ਗੁਰਮੁੱਖ ਨੂੰ ਕੋਈ ਇਤਰਾਜ਼ ਨਹੀਂ ਪਰ ਉਹ ਆਪਣੀ ਮਾਂ ਦੀ ਜਿੱਦ ਅੱਗੇ ਹਾਰ ਜਾਂਦਾ ਹੈ। ਡਾਕਟਰਾਂ ਦੀ ਚੇਤਾਵਨੀ ਦੇ ਬਾਅਦ ਵੀ ਬਾਣੀ ਦਾ ਗਰਭਪਾਤ ਕਰਵਾਇਆ ਜਾਂਦਾ ਹੈ, ਜਿਸ ਵਿਚ ਹੋਣ ਵਾਲੀ ਧੀ ਦੇ ਨਾਲਨਾਲ ਗੁਰਮੁੱਖ ਆਪਣੀ ਪਤਨੀ ਬਾਣੀ ਦੀ ਜਾਨ ਤੋਂ ਵੀ ਹੱਥ ਧੋ ਬੈਠਦਾ ਹੈ। ਗੁਰਮੁੱਖ ਹੋਣ ਵਾਲੀ ਜਿਸ 'ਜਯੋਤੀ' ਨੂੰ ਹਰਪਲ ਤਸੱਵਰ ਕਰਦਾ ਹੈ ਉਸ ਨੂੰ ਆਪਣੀ ਮਾਂ ਦੀ ਜਿੱਦ ਕਰਕੇ ਆਪ ਹੀ ਬੁਝਾ ਦਿੰਦਾ ਹੈ। ਬੁਝੀ ਹੋਈ ਜਯੋਤੀ ਗੁਰਮੁੱਖ ਦੀ ਜ਼ਿੰਦਗੀ ਵਿਚ ਹਨੇਰਾ ਕਰ ਜਾਂਦੀ ਹੈ। ਫ਼ਿਲਮ ਵਿਚਲਾ ਇਹ ਦ੍ਰਿਸ਼ ਕਲਾਤਮਿਕ ਪੱਧਰ 'ਤੇ ਪੰਜਾਬੀ ਸਮਾਜ ਦੀ ਇਕ ਗੰਭੀਰ ਸਮੱਸਿਆ ਵੱਲ ਸੰਕੇਤ ਕਰ ਜਾਂਦਾ ਹੈ। ਇਹ ਸਮੱਸਿਆ ਹੈ ਧੀ ਦੀ ਥਾਂ ਪੁੱਤਰ ਦੀ ਲਾਲਸਾ। ਇਸ ਲਾਲਸਾ ਦੀ ਬਲੀ ਕਈ ਅਣਜੰਮੀਆਂ ਧੀਆਂ ਰੋਜ਼ ਹੀ ਚੜ੍ਹਦੀਆਂ ਹਨ। ਉੱਤਰ ਆਧੁਨਿਕਤਾ ਦੇ ਦੌਰ ਨੂੰ ਹੰਡਾ ਰਿਹਾ ਸਾਡਾ ਅਜੋਕਾ ਪੰਜਾਬੀ ਸਮਾਜ ਅਜੇ ਵੀ ਸਾਮੰਤੀ ਯੁੱਗ ਦੀਆਂ ਕਰੂਰ ਮਾਣਤਾਵਾਂ ਦੇ ਲੱੜ ਬੱਝਾ ਹੋਇਆ ਹੈ ਜਿਸ ਦਾ ਨਤੀਜਾ ਅਸੰਤੁਲਿਤ ਲਿੰਗ ਅਨੁਪਾਤ ਹੈ। ਭਾਰਤ ਦੇ ਦੂਸਰੇ ਰਾਜਾਂ ਦੇ ਮੁਕਾਬਲੇ ਪੰਜਾਬ ਅਤੇ ਹਰਿਆਣਾ ਦੀ ਸਥਿਤੀ ਸਭ ਤੋਂ ਵੱਧ ਚਿੰਤਾਜਨਕ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਇਸ ਪੱਖੋਂ ਔਰਤ ਹੀ ਔਰਤ ਦੀ ਦੁਸ਼ਮਨ ਹੈ। ਫ਼ਿਲਮ ਇਸ ਦ੍ਰਿਸ਼ ਰਾਹੀਂ ਪ੍ਰੋਖ ਰੂਪ ਵਿਚ ਇਕ ਸੁਨੇਹਾ ਦਿੰਦੀ ਹੈ ਕਿ ਔਰਤ ਮਰਦ ਇਕ ਦੂਸਰੇ ਦੇ ਪੂਰਕ ਹਨ ਅਤੇ ਦੋਵਾਂ ਕਰਕੇ ਹੀ ਮਨੁੱਖਤਾ ਦਾ ਅਸਤਿਤਵ ਹੈ ਅਤੇ ਜੇਕਰ ਪੁੱਤਰ ਇਕ ਕੁੱਲ ਦਾ ਦੀਪ ਹੁੰਦਾ ਹੈ ਤਾਂ ਧੀ ਦੋ ਪਰਿਵਾਰਾਂ ਦਾ ਚਾਨਣ।

ਫ਼ਿਲਮ ਵਿਚ ਪ੍ਰਦਰਸ਼ਿਤ ਦੂਸਰੀ ਪ੍ਰਮੁੱਖ ਸਮੱਸਿਆ ਕੰਗਾਲੀਕ੍ਰਿਤ ਅਤੇ ਕਰਜ਼ਾਊ ਕਿਰਸਾਨੀ ਹੈ, ਜਿਸ ਦੀ ਬਲੀ ਆਏ ਦਿਨ ਕੋਈ ਨਾ ਕੋਈ ਕਿਰਸਾਨ ਚੜ੍ਹਦਾ ਹੈ। ਅਜੋਕੇ ਸਮੇਂ 'ਚ ਅਜਿਹਾ ਕੋਈ ਵੀ ਦਿਨ ਨਹੀਂ ਹੋਵੇਗਾ ਜਿਸ ਦਿਨ ਪੰਜਾਬੀ ਅਖ਼ਬਾਰਾਂ ਜਾਂ ਟੀ.ਵੀ. ਉੱਤੇ ਕਿਸੇ ਕਰਜ਼ਿਆਂ ਮਾਰੇ ਕਿਰਸਾਨ ਵਲੋਂ

ਖ਼ੁਦਕੁਸ਼ੀ ਕਰਨ ਦੀ ਖ਼ਬਰ ਨਾ ਆਈ ਹੋਵੇ। ਖੇਤੀ ਪੰਜਾਬੀਆਂ ਦਾ ਪਰੰਪਰਾਵਾਦੀ ਕਿੱਤਾ ਹੈ। ਇਹ ਕਿੱਤਾ ਵਾਧੇ ਦਾ ਹੋਵੇ ਜਾਂ ਘਾਟੇ ਦਾ, ਪਰ ਪੰਜਾਬੀਆਂ ਲਈ ਇਹ ਇਕ ਪ੍ਰਮੁੱਖ ਭਾਵਆਤਮ ਪਹਿਲੂ ਹੈ। ਘਾਟੇ ਦੇ ਬਾਵਜੂਦ ਵੀ ਲੋਕ ਖੇਤੀ ਦੇ ਧੰਦੇ ਨਾਲ ਜੁੜੇ ਹੋਏ ਹਨ। 'ਅਰਦਾਸ' ਫ਼ਿਲਮ ਵਿਚ ਦਲੇਰ ਸਿੰਘ ਸੋਹੀ (ਸਰਦਾਰ ਸੋਹੀ) ਅਜਿਹੀ ਕਿਰਸਾਨੀ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਆਪਣੀਆਂ ਹਰ ਪ੍ਰਕਾਰ ਦੀਆਂ ਜ਼ਰੂਰਤਾਂ ਲਈ ਬੈਂਕਾਂ ਜਾਂ ਸ਼ਾਹੂਕਾਰਾਂ ਵੱਲ ਮੂੰਹ ਕਰਦੀ ਹੈ। ਅਜਿਹੀ ਕਿਰਸਾਨੀ ਕਰਜ਼ਾ ਇਹ ਸੋਚ ਕੇ ਲੈਂਦੀ ਹੈ ਕਿ ਫ਼ਸਲ ਆਏ 'ਤੇ ਮੋੜ ਦਿਆਂਗੇ ਪਰ ਅੰਤਰਰਾਸ਼ਟਰੀ ਮੰਡੀ ਦੇ ਪ੍ਰਭਾਵ ਕਰਕੇ ਫ਼ਸਲਾਂ ਦੇ ਵਾਜਬ ਭਾਅ ਜਦੋਂ ਮਿਲਣੇ ਬੰਦ ਹੋ ਜਾਂਦੇ ਹਨ ਕਿਰਸਾਨੀ ਦੇ ਸ਼ੁੱਧ ਮੁਨਾਫ਼ੇ ਵੀ ਘੱਟਦੇ ਹਨ ਜਿਸ ਕਾਰਨ ਲਿਆ ਹੋਇਆ ਕਰਜ਼ਾ ਮੋੜਨਾ ਔਖਾ ਹੋ ਜਾਂਦਾ ਹੈ। ਕਰਜ਼ੇ ਵਜੋਂ ਚੁੱਕੇ ਮੂਲ ਨੂੰ ਲੱਗਦੇ ਭਾਰੀ ਵਿਆਜ਼ ਕਾਰਨ ਕਰਜ਼ੇ ਦਾ ਸੰਕਟ ਹੋਰ ਵਿਆਪਕ ਹੋਇਆ ਪਿਆ ਹੈ ਜਿਸ ਦੇ ਸਿੱਟੇ ਵਜੋਂ ਛੋਟੀ ਕਿਰਸਾਨੀ ਮੁੱਲੋਂ ਹੀ ਖ਼ਤਰੇ ਵਿਚ ਹੈ। ਕਰਜ਼ੇ ਦੀਆਂ ਕਿਸ਼ਤਾਂ ਨਾ ਮੋੜਨ ਦੀ ਸੂਰਤ ਵਿਚ ਕਾਨੂੰਨੀ ਤੌਰ 'ਤੇ ਹੋਈ ਕਾਰਵਾਈ ਵਿਚ ਕਈ ਕਿਰਸਾਨਾਂ ਨੇ ਆਪਣੀਆਂ ਜ਼ਮੀਨਾਂ ਗਵਾ ਲਈਆਂ ਤੇ ਕਈਆਂ ਨੇ ਜ਼ਰੂਰੀ ਕਿਰਸਾਨੀ ਸੰਦ। 'ਅਰਦਾਸ' ਇਸ ਸੱਚ ਦੀ ਕਲਾਤਮਿਕ ਪੇਸ਼ਕਾਰੀ ਹੈ। ਦਲੇਰ ਸਿੰਘ ਸੋਹੀ, ਧੀ ਦੇ ਵਿਆਹ ਲਈ ਟ੍ਰੈਕਟਰ ਨੂੰ ਮਾਰਟਗੇਜ਼ ਦੇ ਤੌਰ 'ਤੇ ਵਰਤ ਕੇ ਬੈਂਕ ਕੋਲੋਂ ਕਰਜ਼ਾ ਲੈਂਦਾ ਹੈ ਪਰ ਕਰਜ਼ਾ ਦੇਣਾ ਉਹਦੇ ਵਿਤੋਂ ਬਾਹਰ ਹੋ ਜਾਂਦਾ ਹੈ। ਬੈਂਕ ਨੋਟਿਸ ਭੇਜਣ ਲੱਗ ਪੈਂਦੇ ਹਨ ਜਿਸ ਕਰਕੇ ਦਲੇਰ ਸਿੰਘ ਹਰ ਸਮੇਂ ਪਰੇਸ਼ਾਨ, ਤਲਖ ਅਤੇ ਕਲਪਿਆ ਹੋਇਆ ਰਹਿਣ ਲੱਗ ਪੈਂਦਾ ਹੈ। ਮਾਨਸਿਕ ਤਨਾਉ ਨੂੰ ਘਟਾਉਣ ਲਈ ਸ਼ਰਾਬ ਪੀਣ ਲੱਗ ਪੈਂਦਾ ਹੈ। ਕੰਗਾਲੀ ਕਾਰਨ ਉਸ ਦੇ ਪੁੱਤਰ 'ਆਸੀ' (ਐਮੀ ਵਿਰਕ) ਦਾ ਰਿਸ਼ਤਾ ਟੁੱਟ ਜਾਂਦਾ ਹੈ। ਪੜ੍ਹਿਆ ਲਿਖਿਆ 'ਆਸੀ' ਖੇਤੀ ਦੇ ਧੰਦੇ ਤੋਂ ਗੁਰੇਜ਼ ਕਰਦਾ ਹੈ ਜੋ ਸਥਿਤੀਆਂ ਨੂੰ ਹੋਰ ਗੰਭੀਰ ਬਣਾ ਦਿੰਦਾ ਹੈ। ਆਖਿਰ ਬੈਂਕ ਵਾਲੇ ਪੁਲਿਸ ਦੀ ਸਹਾਇਤਾ ਨਾਲ ਟਰੈਕਟਰ ਲੈ ਜਾਂਦੇ ਹਨ। ਕਿਸਮਤ ਨੂੰ ਰੋਂਦਾ 'ਸੋਹੀ' ਇਸ ਨਾਮੋਸ਼ੀ ਨੂੰ ਦਿਲ ਨਾਲ ਲਾ ਬੈਠਦਾ ਹੈ ਤੇ 'ਸਲਫਾਸ' ਪੀ ਕੇ ਖ਼ੁਦਕੁਸ਼ੀ ਕਰਨ ਦਾ ਮਨ ਬਣਾ ਲੈਂਦਾ ਹੈ। ਫ਼ਿਲਮੀ ਪੈਂਤੜੇ ਅਨੁਸਾਰ ਮੌਕੇ 'ਤੇ ਪਹੁੰਚ ਕੇ ਗੁਰਮੁੱਖ ਸਿੰਘ, ਸੋਹੀ ਨੂੰ ਸਿੱਖ ਇਤਿਹਾਸ ਅਤੇ ਫ਼ਲਸਫ਼ੇ ਦੀ ਰੋਸ਼ਨੀ 'ਚ ਨਵੀਂ ਦਿਸ਼ਾ ਦਿੰਦਾ ਹੈ ਅਤੇ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਅੱਗੇ ਗੋਡੇ ਟੇਕਣ ਦੀ ਬਜਾਏ ਸੰਘਰਸ਼ ਲਈ ਪ੍ਰੇਰਦਾ ਹੈ। ਸੋਹੀ ਆਤਮ ਹੱਤਿਆ ਦਾ ਵਿਚਾਰ ਤਿਆਗ ਦਿੰਦਾ ਹੈ ਅਤੇ ਆਪਣੇ ਪੁੱਤਰ 'ਆਸੀ' ਨਾਲ ਮਿਲ ਕੇ ਮੁੜ ਕਿਰਤ ਕਰਨ ਲੱਗ ਜਾਂਦਾ ਹੈ। ਇਸ ਤਰ੍ਹਾਂ ਫ਼ਿਲਮ ਵਿਚ ਫ਼ਿਲਮਕਾਰ ਅਖੌਤੀ ਜੱਟਵਾਦੀ ਹਉਂ ਦੇ ਤਿਆਗ ਦਾ ਸੁਨੇਹਾ ਵੀ ਦਿੰਦਾ। ਇਹ ਜੱਟਵਾਦੀ ਹਉਂ ਅਤੇ ਸ਼ਰੀਕੇਚਾਰੀ ਵਿਚ ਮੁਕਾਬਲੇ ਦੀ ਭਾਵਨਾ ਹੀ ਹੈ ਜਿਸ ਕਰਕੇ ਨਿਮਨ ਕਿਰਸਾਨ ਚਾਦਰੋਂ ਬਾਹਰ ਪੈਰ ਪਸਾਰਦੀ ਹੈ। ਵਿਆਹ ਸ਼ਾਦੀਆਂ ਉੱਤੇ ਵਿਤੋਂ ਬਾਹਰੇ ਖਰਚੇ ਅਤੇ ਦਿਖਾਵੇ ਦੀਆਂ ਰੁੱਚੀਆਂ ਵੀ ਕਿਰਸਾਨੀ ਉੱਤੇ ਵੱਧਦੇ ਆਰਥਿਕ ਬੋਝ ਦਾ ਇਕ ਪ੍ਰਮੁੱਖ ਕਾਰਨ ਬਣਦੀਆਂ ਹਨ।

ਫ਼ਿਲਮ ਵਿਚ 'ਨਸ਼ਾਖੋਰੀ' ਤੇ 'ਨਸ਼ਾ ਤਸਕਰੀ' ਨੂੰ ਗੰਭੀਰ ਸਮੱਸਿਆ ਦੇ ਰੂਪ ਵਿਚ ਦਰਸਾਇਆ ਗਿਆ ਹੈ। ਜੈਂਤੀਮਾਜਰੀ ਦਾ ਜਿਹੋਜਿਹਾ ਮਾਹੌਲ ਫ਼ਿਲਮ ਵਿਚ ਦਰਸਾਇਆ ਗਿਆ ਹੈ ਉਹ ਪੰਜਾਬ ਦੇ ਬਹੁਤੇ ਪਿੰਡਾਂ ਦੀ ਵਾਸਤਵਿਕ ਤਸਵੀਰ ਹੈ। ਲੱਗਭਗ ਹਰ ਪਿੰਡ ਵਿਚ ਇਕ ਠੇਕਾ ਹੈ। ਪੰਜਾਬ ਦੀ ਬੇਰੋਜ਼ਗਾਰ ਜਵਾਨੀ ਮਾਨਸਿਕ ਤਣਾਉ ਘਟਾਉਣ ਖ਼ਾਤਿਰ ਸ਼ਰਾਬ ਤੇ ਹੋਰ ਦੂਸਰੇ ਨਸ਼ਿਆਂ ਦਾ ਸੇਵਨ ਕਰਦੀ ਹੈ। ਫ਼ਿਲਮੀ 'ਪਟਕੱਥਾ' ਵਿਚਲੇ ਪਿੰਡ ਜੈਂਤੀਮਾਜਰੀ ਵਿਚ ਪਹੁੰਚ ਕੇ ਮਾਸਟਰ ਗੁਰਮੁੱਖ ਸ਼ਾਮ ਵੇਲੇ ਗੁਰਦੁਆਰੇ ਜਾਂਦਾ ਹੈ ਪਰ ਰਹਿਰਾਸ ਵੇਲੇ ਸਾਰਾ ਗੁਰੂ ਘਰ ਖ਼ਾਲੀ ਪਿਆ ਹੁੰਦਾ ਹੈ। ਪਤਾ ਕਰਨ ਤੇ ਪਤਾ ਲਗਦਾ ਹੈ ਕਿ ਬਹੁਤੇ ਲੋਕੀ ਟੀ.ਵੀ. ਦੇ ਮੂਹਰੇ ਹੁੰਦੇ ਹਨ ਜਾਂ ਫਿਰ ਠੇਕਿਆਂ ਦੇ। ਕੱਲੀ ਸ਼ਰਾਬ ਹੀ ਨਹੀਂ ਪੰਜਾਬ ਵਿਚਲੇ ਪਿੰਡਾਂ ਵਿਚ ਨਵੇਂ ਅਤੇ ਖ਼ਤਰਨਾਕ ਕਿਸਮ ਤੇ ਸੰਥੈਟਿਕ ਨਸ਼ਿਆਂ ਦੀ ਤਸਕਰੀ ਵੀ ਬਹੁਤ ਜੋਰਾਂ 'ਤੇ ਹੈ। ਫ਼ਿਲਮ ਦੀ ਨਾਇਕਾ ਮੰਨਤ ਦਾ ਬਾਪ ਅਤੇ ਦਲੇਰ ਸੋਹੀ ਦਾ ਦੋਸਤ ਸ਼ਮਸ਼ੇਰ ਚਿੱਟੇ ਦੀ ਤਸਕਰੀ 'ਚੋਂ ਕਾਲਾ ਧੰਨ ਇਕੱਠਾ ਕਰਦਾ ਹੈ। ਇਸ ਕੰਮ 'ਚ ਉਸ ਦਾ ਪੁੱਤਰ ਪਿੰਕੂ ਵੀ ਉਸ ਦੀ ਸਹਾਇਤਾ ਕਰਦਾ ਹੈ। ਸ਼ਮਸ਼ੇਰ ਆਪਣੇ ਬਾਪ ਦੇ ਮਨ੍ਹਾਂ ਕਰਨ ਦੇ ਬਾਅਦ ਵੀ ਇਸ ਧੰਦੇ ਨੂੰ ਨਹੀਂ ਛੱਡਦਾ ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਪਿੰਕੂ ਨੂੰ ਵੀ ਨਸ਼ੇ ਦੀ ਲੱਤ ਲੱਗ ਜਾਂਦੀ ਹੈ। ਪਿੰਕੂ ਵਾਰਵਾਰ ਬਿਮਾਰ ਹੁੰਦਾ ਹੈ ਪਰ ਸ਼ਮਸ਼ੇਰ 'ਤੇ ਇਸ ਦਾ ਕੋਈ ਅਸਰ ਨਹੀਂ ਹੁੰਦਾ। ਉਹ ਉਸ ਨੂੰ ਇਸ ਧੰਦੇ ਵਿਚ ਲਾਈ ਰੱਖਦਾ ਹੈ। ਇਸ ਧੰਦੇ ਦੀ ਬਦੌਲਤ ਹੀ ਸ਼ਮਸ਼ੇਰ ਰਾਜਨੀਤਿਕ ਤੌਰ 'ਤੇ ਆਪਣਾ ਅਸਰ ਰਸੂਖ਼ ਬਣਾਉਂਦਾ ਹੈ। ਇਸ ਧੰਦੇ ਨੂੰ ਪ੍ਰਫੁੱਲਿਤ ਕਰਨ ਹਿੱਤ ਰਾਜਨੀਤਿਕ ਸਰਪ੍ਰੱਸਤੀ ਜ਼ਰੂਰੀ ਵੀ ਬਹੁਤ ਹੈ। ਫ਼ਿਲਮਕਾਰ ਨੇ ਜਿਥੇ ਨਸ਼ਿਆਂ ਦੀ ਤਸਕਰੀ ਦੇ ਨੈਕਸਸ ਨੂੰ ਉਜਾਗਰ ਕੀਤਾ ਹੈ ਉਥੇ ਇਕ ਅਜਿਹੀ ਘਟਨਾ ਫ਼ਿਲਮਾਈ ਹੈ ਜੋ ਨਸ਼ਾਖੋਰੀ ਦਾ ਅੰਤਮ ਸੱਚ ਹੈ। ਸ਼ਮਸ਼ੇਰ ਦਾ ਇਕਲੌਤਾ ਪੁੱਤਰ ਪਿੰਕੂ ਚਿੱਟੇ ਦੀ ਓਵਰਡੋਜ਼ ਕਾਰਨ ਮਾਰਿਆ ਜਾਂਦਾ ਹੈ। ਪਿੰਕੂ ਦੀ ਮੌਤ ਦਾ ਇਹ ਫਿਲਮੀ ਸ਼ਾਟ ਪੰਜਾਬ ਦੇ ਉਨ੍ਹਾਂ ਸਮੂਹ ਨੌਜਵਾਨਾਂ ਦੀ ਮੌਤ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਨਸ਼ਿਆਂ ਦੀ ਭੇਂਟ ਚੜ੍ਹ ਚੁੱਕੇ ਹਨ। ਪਿੰਕੂ ਦੀ ਮੌਤ ਤੋਂ ਬਾਅਦ ਸ਼ਮਸ਼ੇਰ ਪਛਤਾਵੇ ਦੀ ਅੱਗ ਵਿਚ ਸੜਦਾ ਦਿਖਾ ਕੇ ਫ਼ਿਲਮ ਆਪਣੇ ਉਦੇਸ਼ ਨੂੰ ਪੂਰਾ ਕਰਦੀ ਨਜ਼ਰ ਆਉਂਦੀ ਹੈ ਕਿ ਸਾਨੂੰ ਨਸ਼ਿਆਂ ਤੋਂ ਹਮੇਸ਼ਾ ਦੂਰ ਹੀ ਰਹਿਣਾ ਚਾਹੀਦਾ ਹੈ। ਦੂਸਰੇ ਪਾਸੇ ਗੁਰਮੁੱਖ ਦੀ ਸੰਗਤ ਕਾਰਨ ਜੈਂਤੀਮਾਜਰੀ ਦੀ ਮੰਡੀਰ 'ਸੱਪ, ਹੈਂਗਰ ਅਤੇ ਲਾਟਰੀ' ਆਦਿ ਸ਼ਰਾਬ ਛੱਡ ਦਿੰਦੇ ਹਨ। ਹੌਲੀਹੌਲੀ ਪਿੰਡ ਵਿਚੋਂ ਠੇਕਾ ਹੀ ਬੰਦ ਹੋ ਜਾਂਦਾ ਹੈ। ਐਥੇ ਫ਼ਿਲਮ ਵਾਸਤਵਿਕਤਾ ਤੋਂ ਥੋੜੀ ਭਟਕੀ ਲਗਦੀ ਹੈ ਤੇ ਸੁਪਨਸਾਜ਼ੀ ਦੇ ਨੇੜੇ ਪ੍ਰਤੀਤ ਹੁੰਦੀ ਹੈ ਪਰ ਸੁਪਨਾ ਹੀ ਸਹੀ, ਪੰਜਾਬ ਲਈ ਹੈ ਚੰਗਾ।

ਵਿਸ਼ਵ ਭਰ ਵਿਚ ਪੰਜਾਬੀ ਆਪਣੇ ਇਕ ਵਿਸ਼ੇਸ਼ ਗੁਣ ਕਰਕੇ ਪਛਾਣੇ ਜਾਂਦੇ ਹਨ। ਉਹ ਗੁਨ ਹੈ ਹੱਡਭੰਨਵੀਂ ਮਿਹਨਤ ਦਾ। ਇਸ ਗੁਣ ਸਦਕਾ ਹੀ ਪੰਜਾਬੀਆਂ ਨੇ ਨਾ ਕੇਵਲ ਦੇਸ਼ ਵਿਚ ਬਲਕਿ ਵਿਦੇਸ਼ਾਂ ਵਿਚ ਵੀ ਇਕ ਵਿਸ਼ੇਸ਼ ਥਾਂ ਬਣਾਈ ਹੈ। ਪਰ ਸਮਕਾਲੀ ਸਮੇਂ ਵਿਚ ਇਸ ਪੱਖੋਂ ਪੰਜਾਬੀ ਚਰਿੱਤਰ ਸ਼ੰਕਿਆਂ ਦੇ ਘੇਰੇ 'ਚ ਖੜਾ ਹੈ। ਅਜੋਕੇ ਪੰਜਾਬ ਵਿਚ ਕੰਮ ਸਭਿਆਚਾਰ ਨੂੰ ਤੇਜ਼ੀ ਨਾਲ ਖੋਰਾ ਲੱਗਾ ਹੈ। ਸਭ ਤੋਂ ਵੱਧ ਕੰਮਚੋਰੀ ਸਰਕਾਰੀ ਅਦਾਰਿਆਂ ਵਿਚ ਹੁੰਦੀ ਹੈ। ਸਰਕਾਰੀ ਸਕੂਲ ਇਨ੍ਹਾਂ ਵਿਚੋਂ ਪ੍ਰਮੁੱਖ ਹਨ। ਫ਼ਿਲਮਕਾਰ ਨੇ ਇਸ ਫ਼ਿਲਮ ਵਿਚ ਅਧਿਆਪਨ ਦੇ ਕਿੱਤੇ ਨਾਲ ਜੁੜੇ ਮਾਸਟਰ ਭੁੱਲਰ ਅਤੇ ਮੈਡਮ ਨੀਤੂ ਵਰਗੇ ਪਾਤਰਾਂ ਦੇ ਇਸ ਕਿੱਤੇ ਦੇ ਸੰਜੀਦਾਪਨ ਅਤੇ ਪਾਕੀਜ਼ਗੀ ਸੰਬੰਧੀ ਅਵੇਸਲੇਪਨ ਨੂੰ ਵਿਅੰਗਾਤਮਕ ਢੰਗ ਨਾਲ ਚਿਤਰਿਆ ਹੈ। ਮੈਡਮ ਨੀਤੂ ਅਤੇ ਮਾਸਟਰ ਭੁੱਲਰ ਇਸ ਕਦਰ ਸੰਵੇਦਨਹੀਣ ਹਨ ਕਿ ਸਕੂਲ ਦੇ ਬੱਚਿਆਂ ਨੇ ਵੀ ਉਨ੍ਹਾਂ ਦੇ ਪੁੱਠੇਸਿੱਧੇ ਨਾਂ ਰੱਖੇ ਹੋਏ ਹਨ। ਹਰ ਵੇਲੇ ਘਰੋਗੀ ਕੰਮਾਂ ਲਈ ਸਕੂਲੋਂ ਗਾਇਬ ਰਹਿਣ ਵਾਲੇ ਮਾਸਟਰ ਭੁੱਲਰ ਦਾ ਨਾਂ ਫਰਲੋ ਮਾਸਟਰ ਰੱਖਿਆ ਹੋਇਆ ਹੈ ਮੈਡਮ ਨੀਤੂ ਬੱਚਿਆਂ

ਨੂੰ ਪੜ੍ਹਾਉਣ ਦੀ ਥਾਂ ਹਰ ਵੇਲੇ ਮੋਬਾਇਲ ਵਿਚ ਵਿਅਸਤ ਦਿੱਸਦੀ ਹੈ। ਕਿਸੇ ਨੂੰ ਵੀ ਬੱਚਿਆਂ ਦੇ ਭਵਿੱਖ ਨਾਲ ਕੋਈ ਵਾਸਤਾ ਨਹੀਂ ਹੁੰਦਾ। ਫ਼ਿਲਮਕਾਰ ਨੇ ਫ਼ਿਲਮ ਵਿਚ ਗੁਰਮੁੱਖ ਨੂੰ ਆਦਰਸ਼ਕ ਅਤੇ ਸੰਵੇਦਨਸ਼ੀਲ ਅਧਿਆਪਕ ਦੇ ਤੌਰ 'ਤੇ ਫ਼ਿਲਮਾ ਕੇ ਅਜੋਕੇ ਅਧਿਆਪਕਾਂ ਦੀ ਹਕੀਕਤ ਅਤੇ ਅਧਿਆਪਕ ਦੇ ਆਦਰਸ਼ ਬਿੰਬ ਵਿਚਲੀ ਵਿੱਥ ਨੂੰ ਸਪੱਸ਼ਟ ਕੀਤਾ ਹੈ। ਗੁਰਮੁੱਖ ਅਧਿਆਪਨ ਦੇ ਕਿੱਤੇ ਨੂੰ ਪਵਿੱਤਰ ਧਾਰਮਿਕ ਕਾਰਜ ਦੇ ਰੂਪ ਵਿਚ ਸਥਾਪਿਤ ਕਰਦਾ ਹੋਇਆ ਸਦਾਚਾਰਵਾਦੀ ਪਹੁੰਚ ਦਾ ਲਖਾਇਕ ਬਣ ਕੇ ਉਭਰਦਾ ਹੈ। ਉਸ ਦੇ ਇਸ ਸਦਾਚਾਰੀ ਪਹੁੰਚ ਦਾ ਮੂਲ ਸ੍ਰੋਤ 'ਵਿਦਿਆ ਵਿਚਾਰੀ ਤਾ ਪਰਉਪਕਾਰੀ' ਦਾ ਸੰਕਲਪ ਹੈ।

ਮਿਆਰੀ ਵਿਦਿਆ ਦੀ ਅਣਹੋਂਦ ਕਾਰਨ ਅਜੋਕਾ ਵਿਦਿਆਰਥੀ ਮੁਕਾਬਲੇ ਦੇ ਇਸ ਯੁੱਗ ਵਿਚ ਪਿੱਛੇ ਰਹਿੰਦਾ ਜਾ ਰਿਹਾ ਹੈ ਜਿਸ ਕਰਕੇ ਬੇਰੋਜ਼ਗਾਰੀ ਦੀ ਦਰ ਵਿਚ ਵਾਧਾ ਹੋ ਰਿਹਾ ਹੈ। ਫ਼ਿਲਮ ਵਿਚ 'ਆਸੀ' ਅਜਿਹੇ ਬੇਰੋਜ਼ਗਾਰ ਵਰਗ ਦਾ ਪ੍ਰਤੀਨਿਧੀ ਹੈ ਜੋ ਤੱਟਫੱਟ ਤਰੱਕੀ ਦੇ ਚੱਕਰ 'ਚ ਪਹਿਲਾਂ ਤਾਂ ਪੜ੍ਹਾਈ ਅੱਧ ਵਿਚਾਲੇ ਛੱਡ ਦਿੰਦਾ ਹੈ ਤੇ ਫਿਰ ਅਸਫ਼ਲਤਾ ਕਾਰਨ ਮਾਨਸਿਕ ਤਣਾਓ ਦਾ ਸ਼ਿਕਾਰ ਬਣਦਾ ਹੈ। ਉਤੋਂ ਵਿਡੰਬਨਾ ਇਹ ਹੈ ਕਿ ਆਪਣੀ ਇਸ ਸਥਿਤੀ ਲਈ ਆਪਣੇ ਆਪ ਦੀ ਥਾਂ ਆਪਣੇ ਮੁਕੱਦਰਾਂ ਨੂੰ ਕੋਸਦਾ ਹੈ। 'ਗੁਰਮੁੱਖ ਸਿੰਘ' ਉਸ ਅੰਦਰ ਵੀ ਸਵੈਮਾਨ ਦੀ ਭਾਵਨਾ ਪੈਦਾ ਕਰਦਾ ਹੋਇਆ ਉਸ ਨੂੰ ਕਿਰਤ ਕਰਨ ਲਈ ਪ੍ਰੇਰਦਾ ਹੈ। ਪੰਜਾਬ ਦੀ ਅਜੋਕੀ ਪੀੜ੍ਹੀ ਪਿਤਾਪੁਰਖੀ ਧੰਦੇ ਨੂੰ ਤਿਆਗਦੀ ਜਾ ਰਹੀ ਹੈ। ਪਰ ਇਸ ਫ਼ਿਲਮ ਵਿਚ ਇਹ ਸਾਫ਼ ਸੁਨੇਹਾ ਹੈ ਕਿ ਕੰਮ ਕੋਈ ਵੀ ਹੋਵੇ ਜੋ ਨੇਕ ਨਿਯਤ ਨਾਲ ਕੀਤਾ ਜਾਵੇ ਤਾਂ ਸਫ਼ਲਤਾ ਜ਼ਰੂਰ ਮਿਲਦੀ ਹੈ, ਜਿਵੇਂ ਫ਼ਿਲਮ ਵਿਚ ਦੁਕਾਨਦਾਰ ਸ਼ੰਭੂ ਨਾਥ ਨੂੰ ਮਿਲਦੀ ਹੈ। ਗੁਰਮੁੱਖ ਵਲੋਂ ਆਸੀ ਨੂੰ ਸੰਬੋਧਿਤ ਹੋਕੇਬੋਲਿਆ ਇਹ ਡਾਇਲਾਗ ਕਿ 'ਖੁਸ਼ੀਆਂ ਬੀਜ ਜਵਾਨਾਂ ਹਾਸੇ ਉੱਗਣਗੇ' ਬੇਹਿਮਤੇ ਨੇ ਜੋ ਸ਼ਿਕਵਾ ਕਰਨ ਮੁਕੱਦਰਾਂ ਦਾ, ਉੱਗਣ ਵਾਲੇ ਉਗ ਪੈਂਦੇ ਨੇ ਪਾੜ ਕੇ ਸੀਨਾ ਪੱਥਰਾਂ ਦਾ' ਵਿਹਲੀ ਫਿਰਦੀ ਨੌਜਵਾਨ ਪੀੜ੍ਹੀ ਨੂੰ ਪ੍ਰੇਰਨਾ ਦਿੰਦਾ ਹੈ।

ਫ਼ਿਲਮ ਅਰਦਾਸ ਦਾ ਹਰੇਕ ਸੀਨ ਸਮਕਾਲੀ ਸਮਾਜ ਦੀ ਕਿਸੇ ਨਾ ਕਿਸੇ ਸਮੱਸਿਆ ਨਾਲ ਸਰੋਕ੍ਰਿਤ ਹੈ। ਪਿੰਡਾਂ ਵਿਚ ਰਿਸ਼ਤਿਆਂ ਦੀਆਂ ਤਿੜਕਦੀਆਂ ਟੁੱਟਦੀਆਂ ਪੀਡੀਆਂ ਤੰਦਾਂ, ਸਾਰੇ ਪਾਸੇ ਪਸਰਿਆ ਵਿਅਕਤੀਵਾਦ, ਘਟਦਾ ਆਪਸੀ ਪ੍ਰੇਮਭਾਵ ਤੇ ਸਤਿਕਾਰ, ਤਕਨਾਲੋਜੀ ਕੇਂਦਰਿਤ ਹੁੰਦੀ ਲੁਕਾਈ, ਵਿਦੇਸ਼ਾਂ ਵਿਚ ਧੱਕੇ ਖਾਂਦੇ ਤੇ ਗ਼ੈਰ ਕਾਨੂੰਨੀ ਤਰੀਕੇ ਦੇ ਪਰਵਾਸ ਦੌਰਾਨ ਮਾਰੇ ਜਾਂਦੇ ਨੌਜਵਾਨਾਂ ਦਾ ਯਥਾਰਥ ਅਜਿਹੇ ਕਈ ਮੱਸਲੇ ਹਨ ਜੋ ਇਸ ਫ਼ਿਲਮ ਵਿਚ ਮੌਜੂਦ ਹਨ।

ਫ਼ਿਲਮ ਵਿਚ ਪੇਸ਼ ਸਾਰੀਆਂ ਸਮੱਸਿਆਵਾਂ ਦਾ ਹੱਲ 'ਗੁਰਬਾਣੀ ਵਿਚਲੇ ਆਦਰਸ਼ ਮਨੁੱਖ' ਦੇ ਸੰਕਲਪ ਰਾਹੀਂ ਦਰਸਾ ਕੇ ਕਿਰਤ ਕਰਨ, ਨਾਮ ਜਪਣ, ਵੰਡ ਛਕਣ, ਦਇਆ, ਸੰਤੋਖ ਅਤੇ ਵਿਚਾਰ ਕਰਨ 'ਤੇ ਬੱਲ ਦਿੱਤਾ ਗਿਆ ਹੈ। ਫ਼ਿਲਮ ਦਾ ਅੰਤ ਗੁਰਮੁੱਖ ਦੀ ਪਿੰਡੋਂ ਬਦਲੀ ਦੇ ਰੂਪ ਵਿਚ ਹੁੰਦਾ ਹੈ ਪਰ ਉਸ ਦੇ ਆਦਰਸ਼ ਚਰਿੱਤਰ ਦੇ ਅਸਰ ਕਰਕੇ ਲੱਗਭਗ ਸਾਰੇ ਜੈਂਤੀਮਾਜਰੀ ਪਿੰਡ ਦੀ ਹੀ ਨੁਹਾਰ ਬਦਲ ਜਾਂਦੀ ਹੈ। ਪਿੰਡ ਦੇ ਸਕੂਲ ਦੇ ਬਲੈਕ ਬੋਰਡ 'ਤੇ ਲਿਖੇ ਮਾਸਟਰ ਗੁਰਮੁੱਖ ਸਿੰਘ ਦੇ ਸ਼ਬਦ ਇਸ ਫ਼ਿਲਮ ਦਾ ਪ੍ਰਮੁੱਖ ਸੁਨੇਹਾ ਹਨ:

ਕਰਨੀ ਇਹ ਅਰਦਾਸ ਪਿਆਰਿਓ,
ਕਿਸਮਤ ਆਪਣੀ ਆਪ ਸ਼ਿੰਗਾਰੀਏ।
ਸੁੱਖ ਮੰਗੀਏ ਨਗਰ ਖੇੜੇ ਦੀ,
ਦੁਖੀ ਨੂੰ ਦੇਈਏ ਸੁੱਖ
ਪਾਣੀ ਬਚਾਵੀਏ ਵਾਂਗ ਪੁੱਤ ਦੇ
ਪੁੱਤਾਂ ਵਾਂਗੂੰ ਰੁੱਖ।
ਬਾਬੇ ਨਾਨਕ ਦੀ ਬਾਣੀ ਏ
ਦਿਲ ਤੋਂ ਅਰਥ ਹੰਢਾਵੀਏ
ਧੀ ਨੂੰ ਮੰਦਾ ਬੋਲੀਏ ਨਾ
ਕਿਰਤ ਕਰ ਵੰਡ ਖਾਈਏ।

ਕੁਲ ਮਿਲਾ ਕੇ ਖ਼ੂਬਸੂਰਤ ਦ੍ਰਿਸ਼ਾਂ, ਗਾਣਿਆਂ, ਵੈਰਾਗ ਅਤੇ ਕਾਮੇਡੀ ਦੀਆਂ ਮਿਲੀਆਂ ਜੁਲੀਆਂ ਸਥਿਤੀਆਂ ਦੀ ਪੇਸ਼ਕਾਰੀ ਕਰਕੇ ਫ਼ਿਲਮ 'ਅਰਦਾਸ' ਆਪਣੀਆਂ ਸਿਖ਼ਰ ਸੰਭਾਵਨਾਵਾਂ ਹੰਡਾਉਣ ਵਿਚ ਸਫ਼ਲ ਰਹੀ ਹੈ ਅਤੇ ਅਗੇ ਵੀ ਪੰਜਾਬੀ ਸਿਨੇਮਾ ਜਗਤ ਤੋਂ ਇਹ ਆਸ ਹੈ ਕਿ ਇਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਸੰਬੰਧਿਤ ਅਜਿਹੇ ਹੋਰ ਸੰਵੇਦਨਸ਼ੀਲ ਮਸਲਿਆਂ ਨੂੰ ਲੈਕੇ ਦਰਸ਼ਕਾਂ ਦੇ ਰੂਬਰੂ ਹੁੰਦਾ ਰਹੇਗਾ।

**ਪੰਜਾਬੀ ਵਿਭਾਗ, ਜੰਮੂ ਯੂਨੀਵਰਸਿਟੀ**

**ਮੋਬਾ.** 8803083825

*ਪੰਨਾ 100 ਦਾ ਬਾਕੀ....*

ਪ੍ਰੋਡਯੂਸ ਕਰਨ ਦਾ ਫ਼ੈਸਲਾ ਕੀਤਾ ਤੇ ਲਗਭਗ ਦੋ ਵਰ੍ਹੇ ਦੀ ਮਿਹਨਤ ਤੋਂ ਬਾਅਦ ਇਹ ਫ਼ਿਲਮ ਵੱਡੇ ਪਰਦੇ ਤੇ ਪਹੁੰਚੀ ਤੇ ਉਸ ਤੋਂ ਬਾਅਦ ਇਸ ਦੀਆਂ ਸੀਡੀਆਂ ਜੰਮੂ-ਕਸ਼ਮੀਰ ਦੇ ਘਰ-ਘਰ ਪੁੱਜੀਆਂ।

ਇਸ ਫ਼ਿਲਮ ਮਗਰੋਂ ਸਾਲ 2010 ਵਿਚ ਇਕ ਵਾਰ ਫੇਰ ਸਾਨੂੰ ਦਿੱਲੀ ਦੂਰਦਰਸ਼ਨ ਦੇ ਇੰਡੀਅਨ ਕਲਾਸਿਕ ਕੈਟੇਗਰੀ ਦੇ ਤਹਿਤ ਸ. ਰਾਜਿੰਦਰ ਸਿੰਘ ਵਜ਼ੀਰ ਦੇ ਸੀਰੀਅਲ 'ਨਿਮਾਣੇ' ਵਿਚ ਇਕੱਠਿਆਂ ਕੰਮ ਕਰਨ ਦਾ ਅਵਸਰ ਮਿਲਿਆ ਤਾਂ ਬਲਜੀਤ ਸਿੰਘ ਰੈਨਾ ਹੋਰੀਂ ਇਸ ਸੀਰੀਅਲ ਵਿਚ 1947 ਦੇ ਗਦਰ ਦੇ ਸ਼ਿਕਾਰ ਇਕ ਸਿੱਖ ਪਰਿਵਾਰ ਦੇ ਮੁੱਖੀਆ ਬਣੇ, ਸ. ਸੁਜਾਨ ਸਿੰਘ ਰੈਲੀ ਜੀ ਜਗੀਰਦਾਰ ਬਣੇ ਤੇ ਮੈਂ ਸੀਰੀਅਲ ਦਾ ਮੁਖ ਵਿਲੇਨ ਬਣਿਆ। ਇਸ ਸੀਰੀਅਲ ਵਿਚ ਪੰਜਾਬੀ ਫ਼ਿਲਮ ਇੰਡਸਟਰੀ ਦੇ ਵੀ ਕੁਝ ਕਲਾਕਾਰਾਂ ਨੇ ਕੰਮ ਕੀਤਾ ਜਿਨ੍ਹਾਂ ਵਿਚ ਸੁਖਬੀਰ, ਤ੍ਰਿਲੋਚਨ ਸਿੰਘ, ਸਵਰਨ ਸਿੰਘ, ਮਿਸ ਦੇਵਗਨ ਆਦਿ ਸ਼ਾਮਿਲ ਸਨ। ਇਸ ਸੀਰੀਅਲ ਦੀ ਡਬਿੰਗ ਦੌਰਾਨ ਹੀ ਸੁਜਾਨ ਸਿੰਘ ਜੀ ਦੀ ਸਿਹਤ ਖਰਾਬ ਹੋ ਜਾਣ ਕਰਕੇ ਉਨ੍ਹਾਂ ਦੇ ਕਿਰਦਾਰ ਦੀ ਡਬਿੰਗ (ਆਵਾਜ਼ ਬਦਲ ਕੇ) ਮੈਂ ਕੀਤੀ। ਆਪਣੇ ਮਿਲਨਸਾਰ ਸੁਭਾਅ ਤੇ ਪਿਆਰ ਸਦਕਾ ਉਹ ਦੋ-ਤਿੰਨ ਵਾਰ ਮੈਨੂੰ ਮਿਲਣ ਲਈ ਮੇਰੇ ਘਰ ਵੀ ਆਏ। ਮੈਂ ਉਦੋਂ ਗਹੁ ਨਾਲ ਵੇਖਿਆ ਸੀ, ਉਨ੍ਹਾਂ ਦੇ ਚਿਹਰੇ ਦੀ ਲਾਲੀ ਤੇ ਗੋਰਾਪਨ ਗਾਇਬ ਹੋ ਗਿਆ ਸੀ ਤੇ ਚਿਹਰਾ ਇਕਦਮ ਫਿੱਕਾ ਤੇ ਕਾਲਾ-ਪੀਲਾ ਪੈ ਗਿਆ ਸੀ।

ਉਸ ਤੋਂ ਬਾਅਦ ਸੁਜਾਨ ਸਿੰਘ ਰੈਲੀ ਜੀ ਨੇ ਦੂਰ-ਪਾਰ ਜਾ ਕੇ ਕੰਮ ਕਰਨਾ ਬੰਦ ਕਰ ਦਿੱਤਾ ਤੇ ਫਿਰ ਹੌਲੀ-ਹੌਲੀ ਉਨ੍ਹਾਂ ਦਾ ਘਰੋਂ ਹੀ ਨਿਕਲਣਾ ਰਹਿ ਗਿਆ। ਮੁੜ ਅਚਾਨਕ ਅਗਸਤ ਦੇ ਆਖਰੀ ਹਫ਼ਤੇ ਇਕ ਸੱਜਣ ਕੋਲੋਂ ਪਤਾ ਚਲਿਆ ਕਿ ਉਹ 24 ਅਗਸਤ 2019 ਨੂੰ ਅਕਾਲ ਚਲਾਣਾ ਕਰ ਗਏ ਹਨ।

ਹਜ਼ਾਰੋਂ ਬਰਸ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ!

**ਮੋਬਾ.** 9796809375

AABRU A Creative Journey of Human Values October-December 2019 RNI No. JKPUN/2002/6333

# ਅਦਾਰਾ ਆਬਰੂ

ਅਤੇ

# ਹਰਸ਼ਦੀਪ ਫ਼ਿਲਮਜ਼

ਵੱਲੋਂ

ਆਪ ਜੀ ਨੂੰ

# ਗੁਰੂ ਨਾਨਕ ਦੇਵ ਜੀ

## ਦੇ 550ਵੇਂ ਆਗਮਨ ਪੁਰਬ

ਦੀਆਂ

## ਬਹੁਤ ਬਹੁਤ ਵਧਾਈਆਂ